ਧਰਨੇ 'ਤੇ ਬੈਠੀਆਂ ਮਲਟੀਪਰਪਜ਼ ਹੈਲਥ ਇੰਪਲਾਈਜ ਯੂਨੀਅਨ ਬਲਾਕ ਹਾਜੀਪੁਰ ਅਤੇ ਬੁਢਾਬੜ ਹੁਸ਼ਿਆਰਪੁਰ। ਤਸਵੀਰ : ਬਲਵਿੰਦਰਜੀਤ ਸਿੰਘ ਸੈਣੀ

ਧਰਨੇ 'ਤੇ ਬੈਠੀਆਂ ਮਲਟੀਪਰਪਜ਼ ਹੈਲਥ ਵਰਕਰ 'ਤੇ ਗੱਡੀ ਚੜ੍ਹਾਉਣ ਸੰਬੰਧੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਅਤੇ ਐਕਸ਼ਨ ਕਮੇਟੀ ਵੱਲੋਂ ਤਿੱਖਾ ਪ੍ਰਤੀਕਰਮ

ਭੰਗਾਲਾ, ਹਾਜੀਪੁਰ, 3 ਜਨਵਰੀ (ਬਲਵਿੰਦਰਜੀਤ ਸਿੰਘ ਸੈਣੀ, ਜੋਗਿੰਦਰ ਸਿੰਘ)- ਪੰਜਾਬ ਹੈਲਥ ਇੰਪਲਾਈਜ ਯੂਨੀਅਨ ਪੰਜਾਬ ਅਤੇ ਐਕਸ਼ਨ ਕਮੇਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਅੱਜ ਬਲਾਕ ਬੁਢਾਬਾੜ ਅਤੇ ਹਾਜੀਪੁਰ ਦੇ ਵਿੱਚ ਸਾਂਝੀ ਪ੍ਰੈੱਸ ਕਾਨਫਰੰਸ ਸਟੇਟ ਕਮੇਟੀ ਮੈਂਬਰ ਰਕੇਸ਼ ਕੁਮਾਰ, ਜ਼ਿਲ੍ਹਾ ਪ੍ਰਧਾਨ ਰਾਜਦੀਪ ਸਿੰਘ ਨੌਸ਼ਹਿਰਾ ਅਤੇ ਬਲਾਕ ਬੁਢਾਬਾੜ ਦੇ ਪ੍ਰਧਾਨ ਸੁਖਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਨਵੇਂ ਸਾਲ ਦੇ ਚੜਦੇ ਹੀ ਜਦੋਂ ਲੋਕ ਇਕ ਦੂਜੇ ਨੂੰ ਖੁਸ਼ੀਆਂ 'ਤੇ ਤੋਹਫੇ ਵੰਡਦੇ ਨੇ ਉਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਘਰ ਅੱਗੇ ਆਪਣੇ ਹੱਕ ਲੈਣ ਲਈ ਲੰਬੇ ਸਮੇਂ ਤੋਂ ਸ਼ੰਘਰਸ਼ ਕਰ ਰਹੀਆਂ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਉੱਪਰ ਕਿਸੇ ਨੇ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਇਕ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਜ਼ਖ਼ਮੀ ਹੋ ਗਈ। ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ ਬਲਾਕ ਹਾਜੀਪੁਰ ਅਤੇ ਬੁਢਾਬਾੜ ਹੁਸ਼ਿਆਰਪੁਰ ਪੰਜਾਬ ਵਲੋਂ ਇਸ ਘਟਨਾ ਦੀ ਨਿੰਦਿਆ ਕਰਦੇ ਹਾਂ ਤੇ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਅੱਗੇ ਤੋਂ ਸ਼ਾਂਤਮਈ ਪ੍ਰਦਰਸ਼ਨ ਕਰਦੇ ਮੁਲਾਜ਼ਮਾਂ ਨਾਲ ਇਹੋ ਜਿਹੀਆਂ ਘਟਨਾਵਾਂ ਨਾ ਹੋਣ ਜੇਕਰ ਕੋਈ ਵਿਅਕਤੀ ਇਹੋ ਜਿਹੀਆਂ ਘਟਨਾਵਾਂ ਨੂੰ ਕਰਦਾ ਹੈ ਤਾਂ ਉਸ ਉੱਪਰ ਕਤਲ ਦਾ ਕੇਸ ਦਰਜ ਕੀਤਾ ਜਾਵੇ ਅਤੇ ਆਪਣੀਆਂ ਹੱਕੀ ਮੰਗਾਂ ਲਈ ਲੰਬੇ ਸਮੇਂ ਤੋਂ ਲੜ ਰਹੀਆਂ ਮਲਟੀਪਰਪਜ ਹੈਲਥ ਵਰਕਰ ਫੀਮੇਲ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ ਅਤੇ ਰੈਗੂਲਰ ਮੁਲਾਜ਼ਮਾਂ ਦੇ ਲੰਮੇ-ਸਮੇਂ ਤੋਂ ਮਿਲ ਰਹੇ ਭੱਤੇ ਕੱਟ ਲਏ ਹਨ ਜਿਨ੍ਹਾਂ ਨੂੰ ਬਹਾਲ ਕੀਤਾ ਜਾਵੇ। ਇਸ ਮੌਕੇ ਆਗੂਆਂ ਨੇ ਦੱਸਿਆ ਕਿ 4 ਜਨਵਰੀ ਨੂੰ ਜ਼ਿਲ੍ਹਾ ਪੱਧਰ, ਸਬ ਡਵੀਜ਼ਨਲ ਪੱਧਰ ਅਤੇ ਪੀ. ਐਚ. ਸੀ. ਪੱਧਰ 'ਤੇ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 5 ਜਨਵਰੀ ਨੂੰ ਸੂਬਾ ਪੱਧਰੀ ਰੈਲੀ ਖਰੜ ਵਿਖੇ ਕੀਤੀ ਜਾਵੇਗੀ ਅਤੇ ਰੈਲੀ ਉਪਰੰਤ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

ਜੇਤੂ ਖਿਡਾਰੀਆਂ ਨਾਲ ਪ੍ਰਿਸੀਪਲ ਜਸਵੀਰਾ ਅਨੂਪ ਮਿਨਹਾਸ ਤੇ ਹੋਰ। ਤਸਵੀਰ: ਹਮਸ਼ਾਇਨ ਸਟੂਡੀਓ

ਸਰਕਾਰੀ ਕਾਲਜ ਦੀ ਜੂਡੋ ਟੀਮ ਨੇ ਕੀਤਾ ਤੀਜਾ ਸਥਾਨ ਹਾਸਲ

ਹੁਸ਼ਿਆਰਪੁਰ, 3 ਜਨਵਰੀ (ਨਰਿੰਦਰ ਸਿੰਘ ਬੱਡਲਾ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਕਰਵਾਏ ਗਏ ਜੂਡੋ ਦੇ ਇੰਟਰ ਕਾਲਜ ਮੁਕਾਬਲਿਆਂ 'ਚ ਸਰਕਾਰੀ ਕਾਲਜ ਹੁਸ਼ਿਆਰਪੁਰ ਦੀਆਂ ਲੜਕੀਆਂ ਦੀ ਜੂਡੋ ਟੀਮ ਨੇ ਇੱਕ ਸੋਨੇ ਦਾ ਤਗਮਾ ਰਿਧਮ ਓਹਰੀ, ਚਾਂਦੀ ਦਾ ਤਗਮਾ ਹਰਪ੍ਰੀਆ ਤੇ ਤਾਂਬੇ ਦਾ ਤਗਮਾ ਰਮਨਦੀਪ ਕੌਰ ਨੇ ਪ੍ਰਾਪਤ ਕਰਕੇ ਆਲ ਓਵਰ ਯੂਨੀਵਰਸਿਟੀ 'ਚ ਤੀਜਾ ਸਥਾਨ ਪ੍ਰਾਪਤ ਕੀਤਾ। ਜੂਡੋ ਖਿਡਾਰੀਆਂ ਦੇ ਕਾਲਜ ਪਹੁੰਚਣ 'ਤੇ ਪ੍ਰਿਸੀਪਲ ਜਸਵੀਰਾ ਅਨੂਪ ਮਿਨਹਾਸ, ਪ੍ਰੋ. ਹਰਜਿੰਦਰ ਪਾਲ ਤੇ ਇੰਦਰਜੀਤ ਕੌਰ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਨਗਦੀਪੁਰ ਦੇ ਕਰੀਬ ਖਤਾਨਾਂ 'ਚ ਪਲਟ ਜਾਣ ਕਾਰਨ ਨੁਕਸਾਨੀ ਗਈ ਅਲਟੋ ਕਾਰ।

ਕਾਰ ਖਤਾਨਾਂ 'ਚ ਉਲਟਣ ਨਾਲ ਚਾਲਕ ਤੇ ਸਾਥੀ ਜ਼ਖ਼ਮੀ

ਹੁਸ਼ਿਆਰਪੁਰ, 3 ਜਨਵਰੀ (ਨਰਿੰਦਰ ਸਿੰਘ ਬੱਡਲਾ)- ਸਥਾਨਕ ਬਿਸਤ ਦੁਆਬ ਨਹਿਰ ਵਾਲੀ ਸੜਕ ਉੱਪਰ ਪਿੰਡ ਨਗਦੀਪੁਰ ਤੋਂ ਥੋੜ੍ਹਾ ਪਿੱਛੇ ਇੱਕ ਅਲਟੋ ਕਾਰ ਸਾਹਮਣੇ ਆ ਰਹੇ ਤੇਜ ਰਫ਼ਤਾਰ ਵਾਹਨ ਨੂੰ ਬਚਾਉਂਦੀ ਸੜਕ ਨਾਲ ਲਗਦੇ ਖਤਾਨਾਂ 'ਚ ਪਲਟ ਗਈ, ਜਿਸ ਨਾਲ ਚਾਲਕ ਤੇ ਉਸ ਦੇ ਸਾਥੀ ਦੇ ਸੱਟਾਂ ਲੱਗਣ ਦੀ ਖ਼ਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਦੋ ਹੋਰ ਸਾਥੀਆਂ ਨਾਲ ਆਪਣੀ ਅਲਟੋ ਕਾਰ ਨੰਬਰ ਪੀ. ਬੀ. 09 ਡਬਲਯੂ 5056 'ਚ ਅੱਡਾ ਈਸਪੁਰ ਵੱਲੋਂ ਕੋਟਫ਼ਤੂਹੀ ਵੱਲ ਨੂੰ ਆ ਰਹੇ ਸਨ, ਜਦੋਂ ਉਹ ਨਗਦੀਪੁਰ ਦੇ ਕਰੀਬ ਆਏ ਤਾਂ ਨਹਿਰ ਵਾਲੀ ਬਣ ਰਹੀ ਸੜਕ ਉੱਪਰ ਚੱਲ ਰਹੇ ਅਧੂਰੇ ਕੰਮ ਦੌਰਾਨ ਬਿਖਰੀ ਬੱਜਰੀ ਤੇ ਉੱਡ ਰਹੀ ਧੂੜ ਵਿਚ ਸਾਹਮਣੇ ਤੋਂ ਆ ਰਹੀ ਤੇਜ ਰਫ਼ਤਾਰ ਗੱਡੀ ਤੋਂ ਬਚਾਅ ਕਰਦੇ ਗੱਡੀ ਸੜਕ ਤੋਂ ਹੇਠਾਂ ਵੱਲ ਕਰਨ ਲੱਗੇ ਤੇ ਖ਼ਰਾਬ ਸੜਕ ਦਾ ਕਿਨਾਰਾ ਹੋਣ ਕਰ ਕੇ ਗੱਡੀ ਖਤਾਨ ਵੱਲ ਉੱਲਟ ਗਈ, ਜਿਸ ਨਾਲ ਚਾਲਕ ਤੇ ਉਸ ਦੇ ਇੱਕ ਸਾਥੀ ਦੇ ਸੱਟਾਂ ਲੱਗੀਆ, ਇਸ ਘਟਨਾ ਵਿਚ ਗੱਡੀ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ।

ਆਰ.ਈ.ਆਰ.ਸੀ. ਸੰਘ ਪਰਿਵਾਰ ਨੇ 8ਵਾਂ ਸਥਾਪਨਾ ਦਿਵਸ ਮਨਾਇਆ

ਮੁਕੇਰੀਆਂ, 3 ਜਨਵਰੀ (ਰਾਮਗੜ੍ਹੀਆ)- ਸਮਾਜ ਸੇਵੀ ਸੰਸਥਾ ਆਰ.ਈ.ਆਰ.ਸੀ. ਸੰਘ ਪਰਿਵਾਰ ਨੇ ਕਾਮਾਹੀ ਦੇਵੀ ਨਗਰ ਸਥਿਤ ਸ਼ਕਤੀਪੀਠ ਮਾਤਾ ਕਾਮਾਕਸ਼ੀ ਦੇਵੀ ਦੀ ਪੂਜਾ ਕਰਕੇ ਆਪਣਾ 8ਵਾਂ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਮਹੰਤ ਸ੍ਰੀ ਰਾਜਗੀਰ ਨੇ ਸਾਰਿਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਆਰ.ਈ.ਆਰ.ਸੀ. ਸੰਘ ਪਰਿਵਾਰ ਵਲੋਂ ਪਿਛਲੇ ਸਾਲ ਦੌਰਾਨ ਸਮਾਜ ਦੇ ਹਿੱਤ ਵਿੱਚ ਕੀਤੇ ਗਏ ਕੰਮਾਂ ਦੀ ਚਰਚਾ ਕੀਤੀ। ਇਸ ਮੌਕੇ ਅੰਸ਼ੁਲ ਰਾਣਾ ਜਿਸ ਨੇ ਹਾਲ ਹੀ ਵਿੱਚ ਨੀਟ ਦੀ ਪ੍ਰੀਖਿਆ ਪਾਸ ਕੀਤੀ, ਸ਼ੁਭਮ ਮਨਹਾਸ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫਸਰ ਬਣੇ ਅਤੇ ਪੰਜਾਬ ਪੁਲਿਸ ਵਿੱਚ ਏ.ਐਸ.ਪੀ. ਦੇ ਅਹੁਦੇ 'ਤੇ ਚੁਣੀ ਗਈ ਬੇਟੀ ਸੁਪ੍ਰਿਆ ਨੂੰ ਸਨਮਾਨਿਤ ਕੀਤਾ ਗਿਆ। ਹੋਣਹਾਰ ਨੌਜਵਾਨਾਂ ਨੇ ਉਥੇ ਪੜ੍ਹ ਰਹੇ ਨੌਜਵਾਨਾਂ ਨੂੰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਇਮਾਨਦਾਰੀ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਲਵਾੜਾ ਰਾਜਪੂਤ ਸਭਾ ਦੇ ਪ੍ਰਧਾਨ ਮਾਨ ਸਿੰਘ ਪਠਾਣੀਆ, ਕਰਨੀ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਬੈਨੀ ਮਿਨਹਾਸ, ਜ਼ਿਲ੍ਹਾ ਮਹਿਲਾ ਮੋਰਚਾ ਪ੍ਰਧਾਨ ਸ੍ਰੀਮਤੀ ਅੰਜਨਾ ਕਟੋਚ, ਪ੍ਰੋ: ਰਜਿੰਦਰ ਰਾਣਾ, ਸ੍ਰੀਮਤੀ ਲਤਾ ਰਾਣਾ, ਅਜੀਤ ਕੰਵਰ, ਸਮਾਜ ਸੇਵੀ ਜਰਨੈਲ ਮਿਨਹਾਸ, ਅਨਿਲ ਠਾਕੁਰ, ਪਟਵਾਰੀ ਵਿਕਰਮ ਸਿੰਘ ਨੇ ਸੰਘ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਆਪਣੇ ਵਿਚਾਰ ਰੱਖੇ। ਸੰਘ ਦੇ ਪ੍ਰਧਾਨ ਵਿਜੇ ਰਾਣਾ ਘਗਵਾਲ ਨੇ ਆਪਣੀ ਸਮੁੱਚੀ ਟੀਮ ਵੱਲੋਂ ਆਏ ਸਾਰੇ ਸਾਥੀਆਂ ਨੂੰ 'ਜੀ ਆਇਆਂ' ਕਿਹਾ। ਇਸ ਮੌਕੇ ਯੂਥ ਟੀਮ ਦੇ ਮੈਂਬਰਾਂ ਸਮੇਤ ਵਿਪਨ ਠਾਕੁਰ, ਅਜੇ ਰਾਣਾ, ਰਾਜੇਸ਼ ਠਾਕੁਰ, ਸ਼ੁਭਮ ਧੰਨਾ, ਅੰਕਿਤ ਰਾਣਾ, ਰੋਹਿਤ ਠਾਕੁਰ, ਲਾਡੀ, ਰਾਕੇਸ਼ ਠਾਕੁਰ, ਡਾ: ਅਮਿਤ ਜਰਿਆਲ ਦਾ ਧੰਨਵਾਦ ਕਰਦਿਆਂ ਸਮੁੱਚੇ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਾਏ ਯੋਗਦਾਨ ਲਈ ਧੰਨਵਾਦ ਕਿਹਾ। ਇਸ ਦੌਰਾਨ ਸੰਘ ਪਰਿਵਾਰ ਨੇ ਮਰਹੂਮ ਦਾਨਵੀਰ ਵਿਕਰਾਂਤ ਪਠਾਨੀਆ ਨੂੰ ਵੀ ਯਾਦ ਕੀਤਾ।

ਕਾਰ ਸਵਾਰ ਤਿੰਨ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ 2 ਪੈਟਰੋਲ ਪੰਪਾਂ 'ਤੇ ਕੀਤੀ ਲੁੱਟ-ਗੋਲੀ ਵੀ ਚਲਾਈ

ਤਲਵਾਰਾਂ ਨਾਲ ਮਸ਼ੀਨਾਂ ਦੀ ਕੀਤੀ ਭੰਨ-ਤੋੜ

ਗੜ੍ਹਸ਼ੰਕਰ, 3 ਜਨਵਰੀ (ਧਾਲੀਵਾਲ)- ਗੜ੍ਹਸ਼ੰਕਰ ਨੇੜੇ 3 ਕਾਰ ਸਵਾਰ ਲੁਟੇਰਿਆਂ ਵਲੋਂ ਪਿਸਤੌਲ ਦੀ ਨੋਕ 'ਤੇ 2 ਪੈਟਰੋਲ ਪੰਪਾਂ ਨੂੰ ਲੁੱਟ ਦਾ ਨਿਸ਼ਾਨਾਂ ਬਣਾਇਆ ਗਿਆ। ਲੁਟੇਰਿਆਂ ਨੇ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਰੋਡ 'ਤੇ ਪਿੰਡ ਕੁੱਲੇਵਾਲ ਦੇ ਰਕਬੇ 'ਚ ਸਥਿਤ ਮੇਜਰ ਫਿਲਿੰਗ ਸਟੇਸ਼ਨ 'ਤੇ ਪਿਸਤੌਲ ਦੀ ਨੋਕ 'ਤੇ ਡੀਜ਼ਲ ਪਵਾਉਣ ਉਪਰੰਤ ਨਕਦੀ ਅਤੇ ਮੋਬਾਈਲ ਫ਼ੋਨ ਲੁੱਟਣ ਦੀ ਘਟਨਾ ਨੂੰ ਅੰਜਾਮ ਦਿੱਤਾ ਤੇ ਬਾਅਦ ਵਿਚ ਗੜ੍ਹਸ਼ੰਕਰ ਦੇ ਨਵਾਂਸ਼ਹਿਰ ਰੋਡ 'ਤੇ ਪਿੰਡ ਦਾਰਾਪੁਰ ਵਿਖੇ ਸਥਿਤ ਜਗਦੀਸ਼ ਫਿਲਿੰਗ ਸਟੇਸ਼ਨ ਤੋਂ ਨਕਦੀ ਲੁੱਟੀ ਤੇ ਗੋਲੀ ਵੀ ਚਲਾਈ। ਸ੍ਰੀ ਅਨੰਦਪੁਰ ਸਾਹਿਬ ਨੇੜੇ ਪਿੰਡ ਗੋਗੋਂ ਤੇ ਬੋੜਾ ਵਿਚਕਾਰ ਕੁੱਲੇਵਾਲ ਦੇ ਰਕਬੇ 'ਚ ਪੈਂਦੇ ਮੇਜਰ ਫਿਲਿੰਗ ਸਟੇਸ਼ਨ ਦੇ ਸੇਲਜ਼ਮੈਨ ਕ੍ਰਿਸ਼ਨ ਲਾਲ ਪੁੱਤਰ ਮਹਿੰਗਾ ਰਾਮ ਵਾਸੀ ਗੜ੍ਹਸ਼ੰਕਰ ਨੇ ਦੱਸਿਆ ਕਿ ਮੈਂ ਸ਼ਾਮ ਕਰੀਬ 5.30 ਕੁ ਵਜੇ ਪੰਪ 'ਤੇ ਆਪਣੇ ਸਾਥੀ ਸ਼ੁਭਮ ਨਾਲ ਡਿਊਟੀ 'ਤੇ ਹਾਜ਼ਰ ਸੀ। ਇਸ ਦੌਰਾਨ ਚਿੱਟੇ ਰੰਗ ਦੀ ਈਟੀਓਸ ਕਾਰ ਆਈ ਜਿਸ ਵਿਚ ਤਿੰਨ ਨੌਜਵਾਨ ਸਵਾਰ ਸੀ ਜਿਨ੍ਹਾਂ ਨੇ ਇਕ ਹਜ਼ਾਰ ਰੁਪਏ ਦਾ ਡੀਜ਼ਲ ਪਵਾਇਆ ਤੇ ਕਾਰ ਵਿਚੋਂ ਉਤਰ ਕੇ ਸਾਨੂੰ ਜ਼ਬਰਦਸਤੀ ਦਫ਼ਤਰ ਵਿਚ ਲੈ ਗਏ ਤੇ ਮੇਰੀ ਜੇਬ ਵਿਚੋਂ 5500 ਰੁਪਏ ਕੱਢ ਲਏ ਤੇ ਜਾਂਦੇ ਹੋਏ ਸ਼ੁਭਮ ਦਾ ਮੋਬਾਈਲ ਫ਼ੋਨ ਵੀ ਲੈ ਗਏ। ਕ੍ਰਿਸ਼ਨ ਲਾਲ ਨੇ ਦੱਸਿਆ ਕਿ ਇਕ ਵਿਅਕਤੀ ਦੇ ਹੱਥ ਵਿਚ ਪਿਸਤੌਲ ਸੀ ਤੇ ਉਨ੍ਹਾਂ ਨੇ ਸ਼ੁਭਮ ਦੇ ਚਪੇੜਾਂ ਵੀ ਮਾਰੀਆਂ ਤੇ ਘਟਨਾ ਨੂੰ ਅੰਜਾਮ ਦੇ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਫ਼ਰਾਰ ਹੋ ਗਏ। ਨਵਾਂਸ਼ਹਿਰ ਰੋਡ 'ਤੇ ਪਿੰਡ ਦਾਰਾਪੁਰ ਵਿਖੇ ਸਥਿਤ ਜਗਦੀਸ਼ ਫਿਲਿੰਗ ਸਟੇਸ਼ਨ ਦੇ ਸੇਲਜ਼ਮੈਨ ਰੋਹਿਤ ਕੁਮਾਰ ਪੁੱਤਰ ਸੁਨੀਲ ਪ੍ਰਸਾਦ ਵਾਸੀ ਬਿਹਾਰ ਨੇ ਦੱਸਿਆ ਕਿ ਉਹ ਸ਼ਾਮ 7.15 ਕੁ ਵਜੇ ਆਪਣੇ ਦੂਜੇ ਸਾਥੀ ਅਜੀਤ ਕੁਮਾਰ ਨੇ ਪੰਪ 'ਤੇ ਮੌਜੂਦ ਸੀ ਜਿਸ ਦੌਰਾਨ ਇਕ ਚਿੱਟੇ ਰੰਗ ਦੀ ਈਟੀਓਸ ਕਾਰ ਆਈ ਜਿਸ ਵਿਚ ਸਵਾਰ ਤਿੰਨੋਂ ਵਿਅਕਤੀ ਕਾਰ ਵਿਚੋਂ ਥੱਲੇ ਆ ਗਏ ਤੇ ਉਹ ਮੈਨੂੰ ਧੱਕੇ ਨਾਲ ਦਫ਼ਤਰ ਵਿਚ ਲੈ ਗਏ ਤੇ ਹੱਥਾਂ ਵਿਚ ਫੜ੍ਹੀਆਂ ਤਲਵਾਰਾਂ ਦਿਖਾ ਕੇ ਬੈਗ ਵਿਚੋਂ 2 ਹਜ਼ਾਰ ਦੀ ਨਕਦੀ ਕੱਢੀ ਤੇ ਇਕ ਨੇ ਪਿਸਤੌਲ ਨਾਲ ਮਾਰ ਦੇਣ ਦੀ ਨੀਅਤ ਨਾਲ ਗੋਲੀ ਵੀ ਚਲਾਈ ਜੋ ਸ਼ੀਸ਼ੇ ਵਿਚ ਲੱਗੀ ਅਤੇ ਲੁਟੇਰੇ ਤੇਲ ਵਾਲੀਆਂ ਮਸ਼ੀਨਾਂ ਦੀ ਭੰਨ-ਤੋੜ ਕਰਕੇ ਨਵਾਂਸ਼ਹਿਰ ਵੱਲ ਨੂੰ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਗੜ੍ਹਸ਼ੰਕਰ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸੀ.ਸੀ.ਟੀ.ਵੀ. ਦੀਆਂ ਫੁਟੇਜ਼ ਲੈ ਕੇ ਦੋਸ਼ੀਆਂ ਦੀ ਭਾਲ ਆਰੰਭ ਦਿੱਤੀ ਹੈ। ਹੁਸ਼ਿਆਰਪੁਰ ਤੋਂ ਡੀ.ਐੱਸ.ਪੀ. (ਡੀ) ਜਸਵੀਰ ਸਿੰਘ ਰਾਏ ਅਤੇ ਡੀ.ਐੱਸ.ਪੀ. ਗੜ੍ਹਸ਼ੰਕਰ ਨਰਿੰਦਰ ਸਿੰਘ ਔਜਲਾ ਵਲੋਂ ਘਟਨਾ ਸਥਾਨ ਦਾ ਦੌਰਾ ਕਰਕੇ ਦੋਸ਼ੀਆਂ ਨੂੰ ਜਲਦ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ।

ਲੁਟੇਰਿਆਂ ਵਲੋਂ ਲੁੱਟ ਦੀ ਘਟਨਾ ਨੂੰ ਅੰਜਾਮ ਦੇਣ ਸਬੰਧੀ ਜਾਣਕਾਰੀ ਦਿੰਦਾ ਹੋਇਆ ਕ੍ਰਿਸ਼ਨ ਲਾਲ, (ਨਾਲ) ਗੋਲੀ ਨਾਲ ਨੁਕਸਾਨਿਆ ਹੋਇਆ ਸ਼ੀਸ਼ਾ ਦਿਖਾਉਂਦਾ ਹੋਇਆ ਰੋਹਿਤ ਕੁਮਾਰ। ਤਸਵੀਰਾਂ : ਧਾਲੀਵਾਲ

ਜ਼ਿਲ੍ਹੇ 'ਚ 13 ਹੋਰ ਕੋਰੋਨਾ ਪਾਜ਼ੀਟਿਵ ਮਰੀਜ਼ਾਂ ਦੀ ਪੁਸ਼ਟੀ

ਹੁਸ਼ਿਆਰਪੁਰ, 3 ਜਨਵਰੀ (ਪ. ਪ. ਰਾਹੀਂ)-ਜ਼ਿਲ੍ਹੇ 'ਚ 13 ਹੋਰ ਕੋਰੋਨਾ ਪਾਜ਼ੀਟਿਵ ਮਰੀਜ਼ਾਂ ਦੀ ਪੁਸ਼ਟੀ ਹੋਣ ਨਾਲ ਕੁੱਲ ਪਾਜ਼ੀਟਿਵ ਮਰੀਜ਼ਾਂ ਦੀ ਗਿਣਤੀ 28956 ਹੋ ਗਈ ਹੈ। ਇਸ ਸਬੰਧੀ ਸਿਹਤ ਵਿਭਾਗ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 352 ਸੈਂਪਲਾਂ ਦੀ ਪ੍ਰਾਪਤ ਹੋਈ ਰਿਪੋਰਟ 'ਚ ਜ਼ਿਲ੍ਹੇ ਦੇ ਵੱਖ-ਵੱਖ ਸਿਹਤ ਬਲਾਕਾਂ ਨਾਲ ਸਬੰਧਿਤ 13 ਸੈਂਪਲ ਪਾਜ਼ੀਟਿਵ ਆਏ ਹਨ ਜਦਕਿ ਕੋਵਿਡ-19 ਵਾਇਰਸ ਦੇ ਸ਼ੱਕੀ ਲੱਛਣਾਂ ਵਾਲੇ ਵਿਅਕਤੀਆਂ ਦੇ 725 ਨਵੇਂ ਸੈਂਪਲ ਲਏ ਗਏ ਹਨ।

ਸਥਾਨਕ ਕੇਸ਼ਵ ਮੰਦਰ ਵਿਖੇ 15-18 ਸਾਲ ਤੱਕ ਦੇ ਬੱਚਿਆਂ ਦੇ ਕੋਵਿਡ ਟੀਕਾਕਰਨ ਦੀ ਸ਼ੁਰੂਆਤ ਮੌਕੇ ਸਿਵਲ ਸਰਜਨ ਡਾ: ਪਰਮਿੰਦਰ ਕੌਰ ਤੇ ਹੋਰ। (ਸੱਜੇ) ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਕੋਵਿਡ ਟੀਕਾਕਰਨ ਮੁਹਿਮ ਦਾ ਉਦਘਾਟਨ ਕਰਦੇ ਹੋਏ ਐਸ.ਐਮ.ਓ. ਡਾ: ਜਸਵਿੰਦਰ ਸਿੰਘ। ਤਸਵੀਰਾਂ : ਹਮਸ਼ਾਇਨ ਸਟੂਡੀਓ

15 ਤੋਂ 18 ਸਾਲ ਤੱਕ ਦੇ ਬੱਚਿਆਂ ਦੇ ਕੋਵਿਡ ਟੀਕਾਕਰਨ ਲਈ ਮਾਪੇ ਅੱਗੇ ਆਉਣ -ਡਾ: ਪਰਮਿੰਦਰ ਕੌਰ

ਕੇਸ਼ਵ ਮੰਦਰ 'ਚ ਕੀਤੀ ਰਸਮੀ ਸ਼ੁਰੂਆਤ

ਹੁਸ਼ਿਆਰਪੁਰ, 3 ਜਨਵਰੀ (ਬਲਜਿੰਦਰਪਾਲ ਸਿੰਘ, ਹਰਪ੍ਰੀਤ ਕੌਰ)- 15 ਤੋਂ 18 ਸਾਲ ਤੱਕ ਦੇ ਬੱਚਿਆਂ ਦੇ ਕੋਵਿਡ ਟੀਕਾਕਰਨ ਦੀ ਸ਼ੁਰੂਆਤ ਸਬੰਧੀ ਸਥਾਨਕ ਕੇਸ਼ਵ ਮੰਦਰ 'ਚ ਕੈਂਪ ਲਗਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਰਮਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਪੂਰਨ ਟੀਕਾਕਰਨ ਲਈ ਦੂਜੀ ਡੋਜ਼ ਲਗਵਾਉਣੀ ਪੂਰੀ ਤਰ੍ਹਾਂ ਲਾਜ਼ਮੀ ਹੈ, ਇਸ